# ਤੁਹਾਡੇ ਇਲਾਜ ਬਾਰੇ ਫੈਸਲੇ ਕੌਣ ਕਰਦਾ ਹੈ?

ਓਂਟਾਰੀਓ ਦੇ ਲੰਮੇ ਅਰਸੇ ਦੀ ਦੇਖਭਾਲ ਵਾਲੇ ਘਰਾਂ ਦੇ ਵਾਸੀਆਂ ਲਈ ਜਾਣਕਾਰੀ

PoET

Prevention of Error-based Transfers

www.poetproject.ca

ਇਸ ਪੁਸਤਿਕਾ ਨੂੰ PoET ਦੀ ਦੱਖਣ-ਪੱਛਮੀ ਪਸਾਰ ਪ੍ਰੋਜੈਕਟ ਦੀ ਤਾਮੀਲ ਟੀਮ ਦੁਆਰਾ ਤਿਆਰ ਕੀਤਾ ਗਿਆ।
PoET ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ www.poetproject.ca 'ਤੇ ਜਾਓ।

ਇਸ ਪੁਸਤਿਕਾ ਨੂੰ *ਹੈਲਥ ਕੈਨੇਡਾ* ਦੇ ਵਿੱਤੀ ਯੋਗਦਾਨ ਨਾਲ ਤਿਆਰ ਕੀਤਾ ਗਿਆ।

ਜ਼ਰੂਰੀ ਨਹੀਂ ਕਿ ਇਸ ਪੁਸਤਿਕਾ ਵਿੱਚ ਦੱਸੇ ਗਏ ਵਿਚਾਰ ਹੈਲਥ ਕੈਨੇਡਾ ਦੇ ਵਿਚਾਰਾਂ ਦੀ ਨੁਮਾਇੰਦਗੀ ਕਰਦੇ ਹੋਣ।

# ਇਲਾਜ ਸਬੰਧੀ ਫੈਸਲਿਆਂ ਬਾਰੇ ਨਿਯਮ ਕਿਥੋਂ ਆਉਂਦੇ ਹਨ?

ਓਂਟਾਰੀਓ ਦਾ "ਸਿਹਤ ਦੇਖਭਾਲ ਸਹਿਮਤੀ ਕਾਨੂੰਨ" ਨਾਮਕ ਕਾਨੂੰਨ ਇਲਾਜ ਸਬੰਧੀ ਫੈਸਲਿਆਂ ਨਾਲ ਜੁੜੀ ਸਹਿਮਤੀ, ਸਮਰੱਥਾ ਅਤੇ ਬਦਲਵੇਂ ਫੈਸਲੇ ਲਈ ਨਿਯਮ ਸਥਾਪਤ ਕਰਦਾ ਹੈ।

*ਸਿਹਤ ਦੇਖਭਾਲ ਸਹਿਮਤੀ ਕਾਨੂੰਨ* ਵਿੱਚ ਨਿਰਧਾਰਤ ਕਾਨੂੰਨ ਲੰਮੇ ਅਰਸੇ ਦੀ ਦੇਖਭਾਲ ਵਾਲੇ ਘਰਾਂ ਵਿੱਚ ਅਤੇ ਪੂਰੇ ਓਂਟਾਰੀਓ ਵਿੱਚ ਲਾਗੂ ਹੁੰਦੇ ਹਨ।



# ਇਲਾਜ ਸਬੰਧੀ ਫੈਸਲਾ ਲੈਣ ਵਿੱਚ ਅਸਮਰੱਥ ਹੋਣ ਦਾ ਮਤਲਬ ਕੀ ਹੈ?

ਕੋਈ ਵਿਅਕਤੀ ਇਲਾਜ ਸਬੰਧੀ ਫੈਸਲਾ ਕਰਨ ਵਿੱਚ ਅਸਮਰੱਥ ਤਾਂ ਹੁੰਦਾ ਹੈ ਜੇ ਉਸ ਵਿੱਚ ਫੈਸਲੇ ਨਾਲ ਜੁੜੀ ਜਾਣਕਾਰੀ ਨੂੰ ਸਮਝਣ **ਅਤੇ** ਇਲਾਜ ਹੋਣ ਜਾਂ (ਨਾ ਹੋਣ) ਦੇ ਅਸਰ ਦਾ ਮਹੱਤਵ ਸਮਝਣ **ਦੋਨਾਂ** ਦੀ ਯੋਗਤਾ ਨਾ ਹੋਵੇ।

ਸਮਰੱਥ ਮੰਨੇ ਜਾਣ ਲਈ ਜ਼ਰੂਰੀ ਹੈ ਕਿ ਵਿਅਕਤੀ ਵਿੱਚ ਇਹ **ਦੋਵੇਂ** ਯੋਗਤਾਵਾਂ ਹੋਣ।



# ਇਹ ਫੈਸਲਾ ਕੌਣ ਕਰਦਾ ਹੈ ਕਿ ਮੈਂ ਇਲਾਜ ਸਬੰਧੀ ਫੈਸਲਾ ਕਰਨ ਲਈ ਸਮਰੱਥ ਹਾਂ ਜਾਂ ਨਹੀਂ?

ਇਲਾਜ ਦਾ ਸੁਝਾਅ ਦੇਣ ਵਾਲਾ ਵਿਅਕਤੀ ਮਰੀਜ਼ ਦੀ ਸਮਰੱਥਾ ਦਾ ਮੁਲਾਂਕਣ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ ਤੁਹਾਡੇ ਇਲਾਜ ਲਈ ਸੁਝਾਅ ਦੇਣ ਵਾਲਾ ਵਿਅਕਤੀ ਤੁਹਾਡਾ ਡਾਕਟਰ ਹੁੰਦਾ ਹੈ। ਕੁਝ ਮਾਮਲਿਆਂ ਵਿੱਚ ਡਾਕਟਰ ਮੁਲਾਂਕਣ ਲਈ ਨਰਸ ਵਰਗੇ ਕਿਸੇ ਦੂਜੇ ਸਿਹਤ ਦੇਖਭਾਲ ਪ੍ਰਦਾਤਾ 'ਤੇ ਭਰੋਸਾ ਕਰ ਸਕਦਾ ਹੈ।



# ਮੈਨੂੰ ਦੱਸਿਆ ਗਿਆ ਹੈ ਕਿ ਮੈਨੂੰ ਇਲਾਜ ਸਬੰਧੀ ਫੈਸਲਾ ਕਰਨ ਲਈ ਅਸਮਰੱਥ ਪਾਇਆ ਗਿਆ ਹੈ। ਮੈਂ ਕੀ ਕਰਾਂ?

ਓਂਟਾਰੀਓ ਦੇ *ਸਹਿਮਤੀ ਅਤੇ ਸਮਰੱਥਾ ਬੋਰਡ* (Consent and Capacity Board) ਕੋਲ "ਫਾਰਮ A" ਨਾਮ ਦਾ ਫਾਰਮ ਭਰ ਕੇ ਜਮ੍ਹਾ ਕਰਾਕੇ ਤੁਸੀਂ ਇਸਦੇ ਵਿਰੁੱਧ ਅਪੀਲ ਕਰ ਸਕਦੇ ਹੋ।

*ਸਹਿਮਤੀ ਅਤੇ ਸਮਰੱਥਾ ਬੋਰਡ* ਨਾਲ ਸੰਪਰਕ ਕਰਨ ਲਈ ਜਾਣਕਾਰੀ ਇਸ ਪੁਸਤਿਕਾ ਦੇ ਅੰਤ ਵਿੱਚ ਦਿੱਤੀ ਗਈ ਹੈ।

ਤੁਹਾਡੇ ਘਰ ਵਿੱਚ ਮੌਜੂਦ ਡਾਕਟਰ ਜਾਂ ਸਟਾਫ ਨੂੰ ਤੁਸੀਂ ਇਹ ਫਾਰਮ ਭਰਨ ਵਿੱਚ ਮਦਦ ਕਰਨ ਲਈ ਆਖ ਸਕਦੇ ਹੋ।



# ਜੇ ਮੈਂ ਕਿਸੇ ਲੰਮੇ ਅਰਸੇ ਦੀ ਦੇਖਭਾਲ ਵਿੱਚ ਰਹਿ ਰਿਹਾ(ਰਹੀ) ਹਾਂ, ਤਾਂ ਕੀ ਮੈਂ ਆਪਣੇ ਇਲਾਜ ਸਬੰਧੀ ਫੈਸਲੇ ਖੁਦ ਕਰ ਸਕਦਾ(ਦੀ) ਹਾਂ?

ਆਪਣੇ ਇਲਾਜ ਸਬੰਧੀ ਫੈਸਲੇ ਤੁਸੀਂ ਉਸ ਸਮੇਂ ਤਕ ਖੁਦ ਕਰ ਸਕਦੇ ਹੋ ਜਦ ਤਕ ਤੁਹਾਨੂੰ ਇਸ ਦੇ ਲਈ ਸਮਰੱਥ ਸਮਝਿਆ ਜਾਂਦਾ ਹੈ।

ਤੁਸੀਂ ਇਲਾਜ ਸਬੰਧੀ ਕਿਹੜੇ ਫੈਸਲੇ ਕਰ ਸਕਦੇ ਹੋ, ਇਹ ਇਸ ਗੱਲ ਤੇ ਨਿਰਭਰ ਨਹੀਂ ਕਰਦਾ ਕਿ ਤੁਸੀਂ ਕਿਥੇ ਰਹਿੰਦੇ ਹੋ।



# ਲੰਮੇ ਅਰਸੇ ਦੀ ਦੇਖਭਾਲ ਵਿੱਚ ਦਾਖਲੇ ਬਾਰੇ ਫੈਸਲਾ ਕਰਨ ਲਈ ਮੈਨੂੰ ਅਸਮਰੱਥ ਪਾਇਆ ਗਿਆ ਸੀ; ਕੀ ਇਸ ਦਾ ਮਤਲਬ ਇਹ ਹੈ ਕਿ ਮੈਂ ਇਲਾਜ ਸਬੰਧੀ ਫੈਸਲੇ ਕਰਨ ਵਿੱਚ ਅਸਮਰੱਥ ਹਾਂ?

ਨਹੀਂ।

ਸਮਰੱਥਾ **ਹਰ ਫੈਸਲੇ ਲਈ ਵੱਖ** ਹੁੰਦੀ ਹੈ। ਇਸ ਦਾ ਮਤਲਬ ਇਹ ਹੈ ਕਿ ਜੇ ਤੁਸੀਂ ਕੋਈ ਇੱਕ ਫੈਸਲਾ ਕਰਨ ਲਈ ਅਸਮਰੱਥ ਹੋ ਤਾਂ ਵੀ ਤੁਸੀਂ ਕੋਈ ਦੂਜਾ ਫੈਸਲਾ ਕਰਨ ਦੇ ਸਮਰੱਥ ਹੋ ਸਕਦੇ ਹੋ।

ਸਮਰੱਥਾ **ਸਮਾਂ-ਵਿਸ਼ੇਸ਼** ਵੀ ਹੁੰਦੀ ਹੈ। ਇਸ ਦਾ ਮਤਲਬ ਇਹ ਹੈ ਕਿ ਇੱਕ ਸਮੇਂ 'ਤੇ ਤੁਸੀਂ ਕੋਈ ਫੈਸਲਾ ਕਰਨ ਲਈ ਸਮਰੱਥ ਹੋ ਸਕਦੇ ਹੋ ਅਤੇ ਦੂਜੇ ਸਮੇਂ 'ਤੇ ਨਹੀਂ।

ਜੇ ਤੁਸੀਂ ਸਾਰਾ ਸਮਾਂ ਇਲਾਜ ਸਬੰਧੀ
ਸਾਰੇ ਫੈਸਲੇ ਲੈਣ ਲਈ ਸਮਰੱਥ
ਨਹੀਂ ਹੋ, ਤਾਂ ਕਿਸੇ ਵੀ ਸਮੇਂ ਤੁਹਾਨੂੰ
ਉਹ ਸਾਰੇ ਫੈਸਲੇ ਲੈਣ ਦਾ ਹੱਕ ਹੈ,
ਜਦੋਂ ਤੁਸੀਂ ਉਹਨਾਂ ਨੂੰ ਲੈਣ ਲਈ
ਸਮਰੱਥ ਹੋ।

## ਮੈਂ *ਨਿਜੀ ਦੇਖਭਾਲ ਲਈ ਪਾਵਰ ਆਫ ਅਟਾਰਨੀ* ਦਸਤਾਵੇਜ਼ ਤਿਆਰ ਕੀਤਾ ਸੀ। ਕੀ ਇਸ ਦਾ ਮਤਲਬ ਇਹ ਹੈ ਕਿ ਹੁਣ ਮੈਂ ਆਪਣੇ ਇਲਾਜ ਸਬੰਧੀ ਫੈਸਲੇ ਨਹੀਂ ਕਰ ਸਕਦਾ(ਦੀ)?

ਨਹੀਂ।

ਜਦੋਂ ਤੁਸੀਂ *ਨਿਜੀ ਦੇਖਭਾਲ ਲਈ ਪਾਵਰ ਆਫ ਅਟਾਰਨੀ* 'ਤੇ ਦਸਤਖਤ ਕੀਤੇ ਸੀ ਤਾਂ ਤੁਸੀਂ ਇਹ ਚੋਣ ਕੀਤੀ ਸੀ ਕਿ ਜੇ ਤੁਸੀਂ ਫੈਸਲੇ ਕਰਨ ਲਈ ਅਸਮਰੱਥ ਹੋ ਜਾਂਦੇ ਹੋ ਤਾਂ ਤੁਹਾਡੇ ਵੱਲੋਂ ਇਹ ਫੈਸਲੇ ਕਿਸ ਨੂੰ ਕਰਨੇ ਚਾਹੀਦੇ ਹਨ।

*ਨਿਜੀ ਦੇਖਭਾਲ ਲਈ ਪਾਵਰ ਆਫ ਅਟਾਰਨੀ* 'ਤੇ ਦਸਤਖਤ ਕਰਨਾ ਤੁਹਾਨੂੰ ਅਸਮਰੱਥ ਨਹੀਂ ਬਣਾਉਂਦਾ ਅਤੇ ਤੁਹਾਡੇ ਵੱਲੋਂ ਮਨੋਨੀਤ ਵਿਅਕਤੀ ਨੂੰ ਆਪਣੇ ਆਪ ਇਹ ਹੱਕ ਨਹੀਂ ਦਿੰਦਾ ਕਿ ਉਹ ਤੁਹਾਡੇ ਵੱਲੋਂ ਤੁਹਾਡੇ ਇਲਾਜ ਬਾਰੇ ਫੈਸਲੇ ਲਵੇ।

# ਜਦੋਂ ਮੈਂ ਅਸਮਰੱਥ ਹੋਵਾਂਗਾ(ਗੀ) ਤਾਂ ਮੇਰੇ ਵੱਲੋਂ ਫੈਸਲੇ ਕੌਣ ਕਰੇਗਾ?

ਸਿਹਤ ਦੇਖਭਾਲ ਸਹਿਮਤੀ ਕਾਨੂੰਨ ਵਿੱਚ ਅਜਿਹੇ ਵਿਅਕਤੀਆਂ ਦੀ ਸੂਚੀ ਸ਼ਾਮਿਲ ਹੈ ਜਿਨ੍ਹਾਂ ਵੱਲ ਸਿਹਤ ਦੇਖਭਾਲ ਪ੍ਰਦਾਤਾ ਪਰਤਣਗੇ:

1. ਨਿਗਰਾਨ (ਗਾਰਡੀਅਨ)
2. ਨਿਜੀ ਦੇਖਭਾਲ ਲਈ ਪਾਵਰ ਆਫ ਅਟਾਰਨੀ
3. ਨੁਮਾਇੰਦਾ
4. ਪਤੀ /ਪਤਨੀ ਜਾਂ ਪਾਰਟਨਰ
5. ਬੱਚਾ ਜਾਂ ਮਾਤਾ/ਪਿਤਾ
6. ਕੇਵਲ ਪਹੁੰਚ ਦੇ ਹੱਕ ਵਾਲੇ ਮਾਤਾ/ਪਿਤਾ
7. ਕੋਈ ਹੋਰ ਰਿਸ਼ਤੇਦਾਰ
8. ਪਬਲਿਕ ਗਾਰਡੀਅਨ ਅਤੇ ਟਰੱਸਟੀ

ਸੂਚੀ ਵਿੱਚ ਸਭ ਤੋਂ ਉੱਪਰ ਉਹ ਵਿਅਕਤੀ ਜਾਂ ਲੋਕ ਹੋਣਗੇ ਜੋ ਤੁਹਾਡੇ “ਬਦਲਵੇਂ ਫੈਸਲਾ ਕਰਤਾ” (“substitute decision maker(s)”) ਹਨ, ਬਸ਼ਰਤੇ ਕਿ ਉਹ ਫੈਸਲਾ ਕਰਨ ਦੇ ਲਈ ਸਮਰੱਥ, ਰਜ਼ਾਮੰਦ ਅਤੇ ਉਪਲਬਧ ਹੋਣ।

# ਮੈਂ ਚਾਹੁੰਦਾ(ਦੀ) ਹਾਂ ਕਿ ਮੇਰੇ ਇਲਾਜ ਸਬੰਧੀ ਫੈਸਲੇ ਇੱਕ ਖਾਸ ਵਿਅਕਤੀ ਕਰੇ। ਮੈਂ ਕੀ ਕਰਾਂ?

ਨਿਜੀ ਦੇਖਭਾਲ ਲਈ ਪਾਵਰ ਆਫ ਅਟਾਰਨੀ ਦਸਤਾਵੇਜ਼ ਬਣਾ ਕੇ ਤੁਸੀਂ ਕਿਸੇ ਖਾਸ ਵਿਅਕਤੀ ਜਾਂ ਕੁਝ ਖਾਸ ਲੋਕਾਂ ਨੂੰ ਮਨੋਨੀਤ ਕਰ ਸਕਦੇ ਹੋ।



# ਜੇ ਮੈਨੂੰ ਅਜਿਹਾ ਇਲਾਜ ਮਿਲ ਰਿਹਾ ਹੈ ਜੋ ਮੈਂ ਨਹੀਂ ਚਾਹੁੰਦਾ(ਦੀ), ਤਾਂ ਮੈਂ ਕੀ ਕਰਾਂ?

ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।

ਹੋ ਸਕਦਾ ਹੈ ਕਿ ਕਿਸੇ ਹੋਰ ਵਿਅਕਤੀ (ਤੁਹਾਡੇ "ਬਦਲਵੇਂ ਫੈਸਲਾ ਕਰਤਾ") ਨੇ ਉਸ ਸਮੇਂ ਇਸ ਇਲਾਜ ਲਈ ਸਹਿਮਤੀ ਦਿੱਤੀ ਹੋਵੇ ਜਦੋਂ ਤੁਸੀਂ ਅਸਮਰੱਥ ਸੀ। ਜੇ ਹੁਣ ਤੁਸੀਂ ਸਮਰੱਥ ਹੋ ਤਾਂ ਤੁਸੀਂ ਚੋਣ ਕਰ ਸਕਦੇ ਹੋ ਕਿ ਇਸ ਇਲਾਜ ਨੂੰ ਜਾਰੀ ਰੱਖਣਾ ਚਾਹੁੰਦੇ ਹੋ ਜਾਂ ਇਸ ਨੂੰ ਬੰਦ ਕਰਨਾ ਚਾਹੁੰਦੇ ਹੋ।

ਇਹ ਵੀ ਹੋ ਸਕਦਾ ਹੈ ਕਿ ਇਲਾਜ ਦੇ ਬਾਰੇ ਵਾਧੂ ਜਾਣਕਾਰੀ ਮਿਲਣ ਨਾਲ ਤੁਹਾਨੂੰ ਲਾਭ ਹੋਵੇ। ਇਹ ਜਾਣਕਾਰੀ ਤੁਹਾਨੂੰ ਤੁਹਾਡੇ ਡਾਕਟਰ ਜਾਂ ਨਰਸ ਕੋਲੋਂ ਮਿਲ ਸਕਦੀ ਹੈ।

# ਮੈਨੂੰ ਪਤਾ ਹੈ ਕਿ ਭਵਿੱਖ ਵਿੱਚ ਮੈਂ ਕਿਹੜੇ ਇਲਾਜ ਚਾਹਵਾਂਗਾ(ਗੀ) (ਜਾਂ ਕਿਹੜੇ ਨਹੀਂ)। ਮੈਂ ਕੀ ਕਰ ਸਕਦਾ(ਦੀ) ਹਾਂ?

ਇਹ ਯਕੀਨੀ ਬਣਾਉਣ ਲਈ ਕਿ ਤੁਹਾਡੇ "ਬਦਲਵੇਂ ਫੈਸਲਾ ਕਰਤਾ(ਵਾਂ)" ਨੂੰ ਤੁਹਾਡੀਆਂ ਇੱਛਾਵਾਂ ਦਾ ਪਤਾ ਅਤੇ ਸਮਝ ਹੋਵੇ, ਤੁਸੀਂ ਉਹਨਾਂ ਨਾਲ ਗੱਲ ਕਰੋ। ਜੇ ਕੋਈ ਅਜਿਹੀ ਸਥਿਤੀ ਪੈਦਾ ਹੁੰਦੀ ਹੈ ਜਿਥੇ ਤੁਹਾਡੀ ਇੱਛਾ ਲਾਗੂ ਹੁੰਦੀ ਹੈ ਤਾਂ ਤੁਹਾਡੇ "ਬਦਲਵੇਂ ਫੈਸਲਾ ਕਰਤਾ" ਲਈ ਇਹ ਜ਼ਰੂਰੀ ਹੋਵੇਗਾ ਕਿ ਉਹ (ਜਿਥੋਂ ਤਕ ਮੁਮਕਿਨ ਹੋਵੇ) ਤੁਹਾਡੇ ਇਲਾਜ ਸਬੰਧੀ ਅਜਿਹਾ ਫੈਸਲਾ ਲਵੇ ਜੋ ਤੁਹਾਡੀ ਇੱਛਾ ਦੇ ਅਨੁਕੂਲ ਹੋਵੇ।

ਆਪਣੇ "ਬਦਲਵੇਂ ਫੈਸਲਾ ਕਰਤਾ" ਨਾਲ ਗੱਲ ਕਰਨ ਦੇ ਇਲਾਵਾ, ਤੁਸੀਂ ਆਪਣੀ ਇੱਛਾ ਨੂੰ ਲਿਖਤੀ ਵਿੱਚ ਰੂਪ ਵਿੱਚ ਵੀ ਰੱਖ ਸਕਦੇ ਹੋ।



# ਮੈਨੂੰ ਪਤਾ ਨਹੀਂ ਹੈ ਕਿ ਭਵਿੱਖ ਵਿੱਚ ਮੈਂ ਕੀ ਚਾਹਵਾਂਗਾ(ਗੀ) ਅਤੇ ਕੀ ਨਹੀਂ। ਮੈਂ ਕੀ ਕਰ ਸਕਦਾ(ਦੀ) ਹਾਂ?

ਆਪਣੀਆਂ ਮੁੱਲ-ਕੱਦਰਾਂ ਅਤੇ ਵਿਸ਼ਵਾਸਾਂ ਬਾਰੇ ਆਪਣੇ "ਬਦਲਵੇਂ ਫੈਸਲਾ ਕਰਤਾ(ਵਾਂ)" ਨਾਲ ਗੱਲ ਕਰੋ। ਜੇ ਤੁਹਾਡੇ ਬਦਲਵੇਂ ਫੈਸਲਾ ਕਰਤਾ(ਵਾਂ) ਨੂੰ ਤੁਹਾਡੇ ਲਈ ਫੈਸਲਾ ਕਰਨ ਲਈ ਆਖਿਆ ਜਾਂਦਾ ਹੈ ਅਤੇ ਉਹਨਾਂ ਨੂੰ ਇਸ ਸਥਿਤੀ ਵਿੱਚ ਲਾਗੂ ਹੋਣ ਵਾਲੀ ਇੱਛਾ ਦਾ ਪਤਾ ਨਹੀਂ ਹੈ ਤਾਂ ਉਹਨਾਂ ਨੂੰ ਇਹ ਫੈਸਲਾ ਤੁਹਾਡੀ "ਬਿਹਤਰੀਨ ਭਲਾਈ" ਲਈ ਲੈਣਾ ਚਾਹੀਦਾ ਹੈ। ਇਹ ਦੇਖਣ ਲਈ ਕਿ ਤੁਹਾਡੇ ਲਈ ਸਭ ਤੋਂ ਚੰਗਾ ਕੀ ਹੈ, ਬਦਲਵੇਂ ਫੈਸਲਾ ਕਰਤਾ(ਵਾਂ) ਨੂੰ (ਹੋਰ ਗੱਲਾਂ ਦੇ ਇਲਾਵਾ) ਤੁਹਾਡੀਆਂ ਮੁੱਲ-ਕੱਦਰਾਂ ਅਤੇ ਵਿਸ਼ਵਾਸਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਆਪਣੇ "ਬਦਲਵੇਂ ਫੈਸਲਾ ਕਰਤਾ" ਨਾਲ ਗੱਲ ਕਰਨ ਦੇ ਇਲਾਵਾ, ਤੁਸੀਂ ਆਪਣੀਆਂ ਮੁੱਲ-ਕੱਦਰਾਂ ਅਤੇ ਵਿਸ਼ਵਾਸਾਂ ਨੂੰ ਲਿਖਤੀ ਵਿੱਚ ਰੂਪ ਵਿੱਚ ਵੀ ਰੱਖ ਸਕਦੇ ਹੋ, ਅਤੇ/ਜਾਂ ਤੁਹਾਡੇ ਸਿਹਤ ਦੇ ਰਿਕਾਰਡ ਵਿੱਚ ਦਰਜ ਕਰਨ ਲਈ ਆਖ ਸਕਦੇ ਹੋ।

# ਯਾਦ ਰੱਖਣ ਯੋਗ ਗੱਲਾਂ:

- ਕੋਈ ਵਿਅਕਤੀ ਇਲਾਜ ਸਬੰਧੀ ਫੈਸਲਾ ਕਰਨ ਵਿੱਚ ਸਮਰੱਥ ਤਾਂ ਹੁੰਦਾ ਹੈ ਜੇ ਉਸ ਵਿੱਚ (1) ਫੈਸਲੇ ਨਾਲ ਜੁੜੀ ਜਾਣਕਾਰੀ ਨੂੰ ਸਮਝਣ **ਅਤੇ** (2) ਫੈਸਲੇ ਦੇ ਅਸਰਾਂ ਦਾ ਮਹੱਤਵ ਸਮਝਣ **ਦੋਨਾਂ** ਦੀ ਯੋਗਤਾ ਹੋਵੇ।

- ਜੇ ਤੁਹਾਨੂੰ ਪੱਕਾ ਯਕੀਨ ਨਹੀਂ ਹੈ, ਤੁਸੀਂ ਆਪਣੇ ਡਾਕਟਰ ਨੂੰ ਪੁੱਛ ਸਕਦੇ ਹੋ ਕਿ ਉਹ ਤੁਹਾਡੇ ਲਈ ਕਿਹੜੇ ਇਲਾਜ ਜਾਂ ਇਲਾਜ ਦੀ ਯੋਜਨਾ ਦੀ ਤਜਵੀਜ਼ ਕਰ ਰਹੇ ਹਨ।

- ਬਦਲਵੇਂ ਫੈਸਲਾ ਕਰਤਾ ਨੂੰ ਤੁਹਾਡੇ ਲਈ ਇਲਾਜ ਸਬੰਧੀ ਫੈਸਲੇ ਤਾਂ ਹੀ ਕਰਨੇ ਚਾਹੀਦੇ ਹਨ ਜੇ ਤੁਹਾਨੂੰ ਉਹ ਖਾਸ ਫੈਸਲਾ ਕਰਨ ਲਈ ਅਸਮਰੱਥ ਪਾਇਆ ਜਾਂਦਾ ਹੈ।

- ਅਸਮਰੱਥ ਪਾਏ ਜਾਣ ਵਿਰੁੱਧ ਤੁਸੀਂ ਆਪਣੀ ਅਪੀਲ *ਸਹਿਮਤੀ ਅਤੇ ਸਮਰੱਥਾ ਬੋਰਡ* (Consent and Capacity Board) ਕੋਲ ਕਰ ਸਕਦੇ ਹੋ।

- ਕੋਈ ਇੱਕ ਫੈਸਲਾ ਕਰਨ ਦੇ ਲਈ ਅਸਮਰੱਥ ਪਾਏ ਜਾਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਕੋਈ ਹੋਰ ਫੈਸਲਾ ਕਰਨ ਲਈ ਜਾਂ ਸਾਰੇ ਫੈਸਲੇ ਕਰਨ ਲਈ ਅਸਮਰੱਥ ਹੋ।

- ਕਿਸੇ ਇੱਕ ਸਮੇਂ 'ਤੇ ਅਸਮਰੱਥ ਹੋਣ ਦਾ ਮਤਲਬ ਸਾਰੇ ਸਮਿਆਂ 'ਤੇ ਅਸਮਰੱਥ ਹੋਣਾ ਨਹੀਂ ਹੈ।

- ਲੰਮੇ ਅਰਸੇ ਦੀ ਦੇਖਭਾਲ ਵਾਲੇ ਘਰ ਵਿੱਚ ਰਹਿਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਆਪਣੇ ਖੁਦ ਦੇ ਇਲਾਜ ਸਬੰਧੀ ਫੈਸਲੇ ਕਰਨ ਲਈ ਅਸਮਰੱਥ ਹੋ।

- ਜੇ ਤੁਸੀਂ ਆਪਣੇ ਇਲਾਜ ਸਬੰਧੀ ਫੈਸਲੇ ਲੈਣ ਦੇ ਸਮਰੱਥ ਨਹੀਂ ਹੋ ਤਾਂ ਫੈਸਲੇ ਨੂੰ ਤੁਹਾਡੇ ਬਦਲਵੇਂ ਫੈਸਲਾ ਕਰਤਾ ਦੇ ਸਾਮ੍ਹਣੇ ਰੱਖਿਆ ਜਾਵੇਗਾ।

- ਨਿਜੀ ਦੇਖਭਾਲ ਲਈ ਪਾਵਰ ਆਫ ਅਟਾਰਨੀ ਦਸਤਾਵੇਜ਼ ਬਣਾ ਕੇ ਤੁਸੀਂ ਬਦਲਵੇਂ ਫੈਸਲਾ ਕਰਤਾ ਦੀ ਚੋਣ ਕਰ ਸਕਦੇ ਹੋ।

- ਜੇ ਤੁਹਾਨੂੰ ਪਤਾ ਹੈ ਕਿ ਭਵਿੱਖ ਵਿੱਚ ਤੁਸੀਂ ਕਿਹੜੇ ਇਲਾਜ ਚਾਹੋਗੇ ਜਾਂ ਨਹੀਂ ਚਾਹੋਗੇ, ਤਾਂ ਇਸ ਬਾਰੇ ਆਪਣੇ ਬਦਲਵੇਂ ਫੈਸਲਾ ਕਰਤਾ ਨਾਲ ਗੱਲ ਕਰੋ।

- ਆਪਣੀਆਂ ਮੁੱਲ-ਕੱਦਰਾਂ ਅਤੇ ਵਿਸ਼ਵਾਸਾਂ ਨੂੰ ਆਪਣੇ ਬਦਲਵੇਂ ਫੈਸਲਾ ਕਰਤਾ(ਵਾਂ) ਨਾਲ ਸਾਂਝਾ ਕਰੋ। ਜੇ ਉਹ ਤੁਹਾਡੀ "ਬਿਹਤਰੀਨ ਭਲਾਈ" ਨੂੰ ਧਿਆਨ ਵਿੱਚ ਰੱਖਣਗੇ ਤਾਂ ਉਹਨਾਂ ਨੂੰ ਤੁਹਾਡੀਆਂ ਮੁੱਲ-ਕੱਦਰਾਂ ਅਤੇ ਵਿਸ਼ਵਾਸਾਂ ਨੂੰ ਧਿਆਨ ਵਿੱਚ ਰੱਖਣਾ ਪਵੇਗਾ।

# ਹੋਰ ਜਾਣਕਾਰੀ ਲਈ:

**PoET ਪ੍ਰੋਜੈਕਟ ਦੀ ਵੈਬਸਾਈਟ**
www.poetproject.ca

**ਓਂਟਾਰੀਓ ਦਾ ਸਹਿਮਤੀ ਅਤੇ ਸਮਰੱਥਾ ਬੋਰਡ**
**(Consent and Capacity Board of Ontario)**
www.ccboard.on.ca
(416) 327-4142

**ਲੰਮੇ ਅਰਸੇ ਦੀ ਦੇਖਭਾਲ ਲਈ ਮੰਤਰਾਲਾ**
**(Ministry of Long Term Care)**
www.ontario.ca/page/ministry-long-term-care
1-800-268-1153

**ਬਜ਼ੁਰਗਾਂ ਲਈ ਸਮਰਥਨ ਕੇਂਦਰ**
**(Advocacy Centre for the Elderly)**
advocacycentreelderly.org
1-855-598-2656

**ਸਪੀਕ ਅਪ ਓਂਟਾਰੀਓ (Speak Up Ontario)**
www.speakupontario.ca



P o E T

Prevention of Error-based Transfers

www.poetproject.ca